navjot kaur

# ਚੰਡੀ ਦੀ ਵਾਰ: ਕਲਾਤਮਕ ਪੱਖ

ਚੰਡੀ ਦੀ ਵਾਰ ਦੇ ਕਲਾਤਮਕ ਪੱਖ ਉਪਰ ਵਿਚਾਰ ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਇਕ ਪੰਛੀ ਝਾਤ ਗੁਰੂ ਗੋਬਿੰਦ ਸਿੰਘ ਜੀ ਅਤੇ ਚੰਡੀ ਦੀ ਵਾਰ ਉਪਰ ਪਾਉਣੀ ਬੇਹਤਰ ਹੋਵੇਗੀ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਸੰਤ-ਜੋਧਾ ਸਨ। ਉਹ ਇਕ ਕਿਰਿਆਸ਼ੀਲ ਪ੍ਰਤਿਭਾ ਦੇ ਮਾਲਕ ਸਨ। ਆਪਣੀ ਏਸੇ ਪ੍ਰਤਿਭਾ ਦੇ ਆਧਾਰ ਤੇ ਉਹ ਆਪਣੇ ਲਖਸ਼ ਵੱਲ ਅੱਗੇ ਹੀ ਵੱਧਦੇ ਗਏ। 'ਦਸਮ-ਗ੍ਰੰਥ' ਵਿਚ ਅੰਕਿਤ ਉਨਾਂ ਦੀ ਇਕ-ਇਕ ਰਚਨਾ ਸ੍ਰੇਸ਼ਟ ਕਲਾ ਦਾ ਇਕ ਅਨੂਠਾ ਨਮੂਨਾ ਹੈ। ਆਪ ਜੀ ਦਾ ਅਧਿਅਨ ਬੜਾ ਹੀ ਡੂੰਘਾ ਤੇ ਵਿਸ਼ਾਲ ਸੀ। ਉਨਾਂ ਨੇ ਆਪਣੀ ਮਨਨ ਸ਼ਕਤੀ ਤੇ ਪ੍ਰਤਿਭਾ ਦੇ ਆਧਾਰ ਤੇ ਵਿਕਾਸ ਦੇ ਨਾਲ ਆਪਣੀ ਗ੍ਰਹਿਣ ਕੀਤੀ ਹੋਈ ਸਮੱਗਰੀ ਦਾ ਵੀ ਪੂਰਾ ਸਦ-ਉਪਯੋਗ ਕੀਤਾ ਤੇ ਉਹ ਅਨੁਭੂਤੀਆਂ ਆਪ ਦੇ ਸਮੁੱਚੇ ਸਾਹਿਤ ਵਿਚ ਵੀ ਪ੍ਰਗਟ ਹੋਈਆਂ। ਆਪ ਦੀਆਂ ਬਾਕੀ ਬਾਣੀਆਂ ਵਾਂਗ 'ਚੰਡੀ ਦੀ ਵਾਰ' ਵਿਚ ਅਨੁਭੂਤੀ ਦੀ ਸੱਚਾਈ ਵੀ ਹੈ ਅਤੇ ਭਾਵਨਾ ਦੀ ਸਫ਼ਲ ਅਭਿਵਿਅਕਤੀ ਵੀ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਵਾਰ 'ਚੰਡੀ ਦੀ ਵਾਰ' ਵਾਰ-ਸਾਹਿਤ ਦੀ ਇਕ ਬੇਮਿਸਾਲ ਅਤੇ ਉਤਕ੍ਰਿਸ਼ਟ ਰਚਨਾ ਹੈ। ਇਹ ਇਕ ਬੀਰ-ਰਸ ਪ੍ਰਧਾਨ ਰਚਨਾ ਹੈ। ਇਹ ਵਾਰ ਗੁਰੂ ਸਾਹਿਬ ਦੀ ਅਨੂਠੀ ਸਾਹਿਤਿਕ ਪ੍ਰਤਿਭਾ ਦਾ ਬੇਮਿਸਾਲ ਨਮੂਨਾ ਹੈ। ਚੰਡੀ ਦੀ ਵਾਰ ਦੀਆਂ ਕੁਲ 55 ਪਉੜੀਆਂ ਹਨ ਅਤੇ 50 ਪਉੜੀਆਂ ਵਿਚ ਯੁੱਧ-ਚਿਤਰਣ ਨੂੰ ਬੀਰ ਰਸੀ ਭਾਵਾਂ ਦੁਆਰਾ ਪ੍ਰਗਟ ਕੀਤਾ ਗਿਆ ਹੈ। ਚੰਡੀ ਦੀ ਵਾਰ ਨੂੰ 'ਵਾਰ ਸ੍ਰੀ ਭਗਉਤੀ ਜੀ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

## ਡਾ. ਤਾਰਾ ਸਿੰਘ ਬੇਦੀ ਅਨੁਸਾਰ[1]

"ਇਹ ਕਾਵਿ ਮਹਾਨ ਕਵੀ ਨੇ, ਮਹਾਨ ਕਾਰਜ ਲਈ ਮਹਾਨ ਸੰਜਮ ਨਾਲ ਰਚਿਆ ਹੈ, ਇਸ ਲਈ ਇਸ ਦਾ ਫਲ ਵੀ ਮਹਾਨ ਹੈ ਤੇ ਹਰ ਪੱਖ ਤੋਂ ਮਹਾ-ਕਾਵਿ ਹੈ, ਭਾਵੇਂ ਆਕਾਰ ਵਿਚ ਇਹ ਵੱਡਾ ਨਹੀਂ......।"

(ਚੰਡੀ ਦੀ ਵਾਰ: ਜੀ. ਐੱਸ. ਸ਼ਰਮਾ, ਪੰਨਾ ਨੰ. 52)

ਗੁਰੂ ਸਾਹਿਬ ਦੁਆਰਾ ਰਚਿਤ 'ਚੰਡੀ ਦੀ ਵਾਰ' ਰਿਸ਼ੀ ਮਾਰਕੰਡੇ ਪੁਰਾਣ' ਦੀ ਮੂਲ ਕਹਾਣੀ ਦਾ ਨਵਾਂ ਤਜ਼ਰਬਾ ਹੈ। ਇਹ ਤਜ਼ਰਬਾ ਗੁਰੂ ਸਾਹਿਬ ਨੇ ਅਲੌਕਿਕ ਅਤੇ ਅਲੰਕਾਰ ਢੰਗ ਨਾਲ ਇੰਝ ਪ੍ਰਸਤੁਤ ਕੀਤਾ ਹੈ ਕਿ 'ਚੰਡੀ ਦੀ ਵਾਰ' ਨੂੰ ਪੜ੍ਹਦਿਆਂ ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਹ ਗੁਰੂ ਸਾਹਿਬ ਜੀ ਦੀ ਮੌਲਿਕ ਅਤੇ ਨਵੀਨ ਰਚਨਾ ਹੋਵੇ, ਨਾ ਕਿ ਕਿਸੇ ਮਿੱਥ ਤੇ ਆਧਾਰਿਤ ਕਹਾਣੀ ਨੂੰ ਕਾਵਿ ਬੱਧ ਰੂਪ ਵਿਚ ਅਭਿਵਿਅਕਤ ਕੀਤਾ ਗਿਆ ਹੋਵੇ। ਪਰ ਇਸ ਵਾਰ ਦਾ ਮੂਲ ਸਰੋਤ 'ਮਾਰਕੰਡੇ ਪੁਰਾਣ' ਵਿਚ ਦਰਸਾਈ 'ਦੁਰਗਾ ਉਸਤਤੀ' ਨੂੰ ਹੀ ਸਵੀਕਾਰਿਆ ਗਿਆ ਹੈ।

ਡਾ. ਜੀਤ ਸਿੰਘ ਸ਼ੀਤਲ ਅਨੁਸਾਰ,(2)

> "ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਦਾ ਆਧਾਰ ਇਕ ਪੌਰਾਣਿਕ ਕਥਾ ਨੂੰ ਬਣਾਇਆ ਹੈ, ਜੋ ਮਾਰਕੰਡੇ ਪੁਰਾਣ ਦੇ 'ਦੁਰਗਾ ਸਪਤਸ਼ਤੀ' ਵਾਲੇ ਕਾਂਡ ਦਾ ਅਨੁਵਾਦ ਹੈ।"

ਗੁਰੂ ਗੋਬਿੰਦ ਸਿੰਘ ਜੀ ਨੇ ਮਾਰਕੰਡੇ ਪੁਰਾਣ ਦੇ ਅਧਿਆਏ 'ਦੁਰਗਾ ਸਪਤਸ਼ਤੀ' ਨੂੰ 'ਚੰਡੀ ਦੀ ਵਾਰ' ਵਿਚ ਪੇਸ਼ ਕਰਦਿਆਂ ਹੂ-ਬ-ਹੂ ਉਤਾਰਾ ਪੇਸ਼ ਨਹੀਂ ਕੀਤਾ, ਬਲਕਿ ਕਥਾ ਸਮੱਗਰੀ ਵਿਚ ਲੋੜੀਂਦੀ ਕਾਂਟ-ਛਾਂਟ ਕਰਕੇ ਇਸਨੂੰ ਵਾਰ ਲਈ ਢੁਕਵੀਂ ਸਮੱਗਰੀ ਬਣਾ ਕੇ ਪੇਸ਼ ਕੀਤਾ ਹੈ। ਪੌਰਾਣਿਕ ਕਥਾ ਵਿਚਲੇ ਢਿੱਲੀ ਗਤੀ ਵਾਲੇ ਲੰਮੇ ਵਰਣਨ ਅਤੇ ਵਿਆਖਿਆਵਾਂ ਨੂੰ ਛੱਡ ਕੇ ਮਹੱਤਵਪੂਰਨ ਬਿਰਤਾਂਤ ਨੂੰ ਹੀ ਲਿਪੀਬੱਧ ਕੀਤਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,(3)

> "ਵਾਰ ਸ੍ਰੀ ਭਗੌਤੀ ਜੀ ਪੌੜੀ ਛੰਦ ਵਿਚ ਭਗਵਤੀ (ਦੁਰਗਾ) ਦੀ ਜੁੱਧ ਕਥਾ ਹੈ। ਇਸ ਨਾਮ ਦੀਆਂ ਦੋ ਵਾਰਾਂ ਹਨ। ਇਕ ਦਸਮ ਗ੍ਰੰਥ ਦੇ ਦੋਹਾਂ ਚੰਡੀ ਚਰਿਤ੍ਰਾਂ ਪਿਛੋਂ ਪੰਜਾਬੀ ਦੀ ਮਨੋਹਰ ਰਚਨਾ ਹੈ, ........। ਇਹ ਮਾਰਕੰਡੇ ਪੁਰਾਣ ਦੀ 'ਦੁਰਗਾ ਸਪਤਸਤੀ' ਦਾ ਖੁਲਾਸਾ ਹੈ। ਦੂਜੀ ਦਸਮ ਗ੍ਰੰਥ ਦੀ ਪਾਵਨ ਬੀੜ ........।
>
> (ਚੰਡੀ ਦੀ ਵਾਰ: ਨਿਰਣੈ ਸਟੀਕ, ਗਿ. ਹਰਬੰਸ ਸਿੰਘ, ਪੰਨਾ. 54)

ਚੰਡੀ ਦੀ ਵਾਰ ਲਿਖਣ ਦਾ ਪ੍ਰਯੋਜਨ ਮੁਰਦਾ ਕੌਮ ਵਿਚ ਰੂਹ ਫੂਕਣ ਵਾਸਤੇ ਮਨੁੱਖ ਅੰਦਰ ਦੱਬੀਆਂ ਸਿਥਲ ਰੁਚੀਆਂ ਨੂੰ ਪੁਨਰ ਸੁਰਜੀਤ ਕਰਕੇ ਨਵੇਂ ਅਰਥ ਸਿਰਜਦੇ ਹੋਏ ਪ੍ਰਤੀਕ ਖੇਤਰ ਵੱਲ ਤੋਰਨਾ ਹੈ। ਗੁਰੂ ਸਾਹਿਬ ਨੇ ਮਨੁੱਖੀ ਅਨੁਭਵ ਵਿਚੋਂ ਸੀਮਤ ਅਤੇ ਰੂੜ੍ਹ ਹੋਈਆਂ ਸੰਵੇਦਨਾਵਾਂ ਵਿਚ ਹਲ-ਚੱਲ ਪੈਦਾ ਕਰਕੇ ਸਤਿਵ ਅਧੀਨ ਸਿਰਜਨਾ ਕੀਤੀ ਹੈ।

ਡਾ. ਜਗਜੀਤ ਸਿੰਘ ਅਨੁਸਾਰ,[4]

> "ਚੰਡੀ ਦੀ ਵਾਰ ਜਾਂ ਵਾਰ ਸ੍ਰੀ ਭਗਉਤੀ ਉਹ ਸ਼ਕਤੀ ਹੈ ਜਿਸਨੇ ਉਸ ਸਮੇਂ ਦੇ ਸਮਾਜ ਵਿਚ ਇਕ ਅੰਦੋਲਨ ਪੈਦਾ ਕੀਤਾ ਅਤੇ ਗੁਰੂ ਜੀ ਨੇ ਇਹ ਵਾਰ ਰਚ ਕੇ ਪੰਜਾਬੀਆਂ ਦੀ ਸਦੀਆਂ ਤੋਂ ਸੁੱਤੀ ਬੀਰਤਾ ਨੂੰ ਟੁੰਬਿਆ ਹੈ।"
> (ਚੰਡੀ ਦੀ ਵਾਰ: ਜੀ. ਐੱਲ. ਸ਼ਰਮਾ, ਪੰਨਾ ਨੰ. 50)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਨੂੰ ਰਚਨਾ ਦੇ ਮਨੋਰਥ ਨੂੰ ਵਾਰ ਦੀਆਂ ਸਮਾਪਤ ਸਤਰਾਂ ਵਿਚ ਖੁਦ ਇਸ ਤਰ੍ਹਾਂ ਪੇਸ਼ ਕਰਦੇ ਹਨ:-

- ਦੁਰਗਾ ਪਾਠ ਬਣਾਇਆ ਸਭੇ ਪਉੜੀਆ।
  ਫੇਰਿ ਨ ਜੂਨੀ ਆਇਆ ਜਿਨ ਇਹ ਗਾਇਆ॥

ਇਸ ਪ੍ਰਕਾਰ ਗੁਰੂ ਜੀ ਨੇ ਵਾਰ ਰਚਨ ਦੇ ਮਨੋਰਥ ਨੂੰ ਪ੍ਰਸਤੁਤ ਕੀਤਾ ਹੈ। ਪਰ ਇਸ ਸਾਡਾ ਮੂਲ ਵਿਸ਼ਾ 'ਚੰਡੀ ਦੀ ਵਾਰ' ਦੇ ਕਲਾਤਮਕ-ਪੱਖ ਨੂੰ ਪੇਸ਼ ਕਰਨਾ ਹੈ।

☆ **ਕਲਾਤਮਕ ਪੱਖ:** 'ਚੰਡੀ ਦੀ ਵਾਰ' ਕਲਾਤਮਕ ਪੱਖ ਤੋਂ ਬੇਮਿਸਾਲ ਰਚਨਾ ਹੈ। ਜਿਥੇ ਵਿਸ਼ਾ ਪੱਖ ਤੋਂ ਇਹ ਵਾਰ ਚਾਨਣ ਮੁਨਾਰਾ ਹੈ ਉਥੇ ਕਲਾ-ਪੱਖ ਤੋਂ ਵੀ ਇਸਦਾ ਕੋਈ ਸਾਨੀ ਨਹੀਂ। ਕਲਾਤਮਕ-ਪੱਖ ਤੋਂ 'ਚੰਡੀ ਦੀ ਵਾਰ' ਦਾ ਚੋਖਟਾ ਬਹੁਤ ਵਿਸ਼ਾਲ ਅਤੇ ਅਸੀਮ ਹੈ। ਇਸ ਵਿਚ ਭਾਸ਼ਾ, ਸ਼ੈਲੀ, ਅਲੰਕਾਰ, ਬਿੰਬ, ਪ੍ਰਤੀਕ, ਛੰਦ, ਰਸ ਆਦਿ ਸਭ ਕਲਾਤਮਕ ਗੁਣ ਵਿਦਮਾਨ ਹੈ। ਇਸ ਬਾਰੇ ਚਰਚਾ ਬਹੁਤ ਹੀ ਵਿਸਥਾਰਮਈ ਰੂਪ ਵਿਚ ਪ੍ਰਗਟ ਹੈ।

## ਡਾ. ਤਾਰਨ ਸਿੰਘ ਅਨੁਸਾਰ[5]

"ਚੰਡੀ ਦੀ ਵਾਰ ਵਿਚ ਭੂਤੋਂ ਜੁਗ ਦੇ ਦੈਵੀ ਤੇ ਦਾਨਵੀ ਜਥਾਰਥਕ ਤੇ ਚਿੰਨ੍ਹਵਾਦੀ ਜੁੱਧ ਨੂੰ ਸ਼ਬਦਾਵਲੀ, ਬਿੰਬਾਵਲੀ ਤੇ ਚਿਤ੍ਰਾਵਲੀ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਨੇ ਕਮਾਲ ਕਲਾਤਮਕ ਨਿਪੁੰਨਤਾ ਤੇ ਚਤੁਰਤਾ, ਕੌਸ਼ਲਤਾ ਨਾਲ ਸਾਕਾਰ ਤੇ ਰੂਪਮਾਨ ਕੀਤਾ ਹੈ।"
(ਚੰਡੀ ਦੀ ਵਾਰ: ਪਾਠ ਤੇ ਵਿਸ਼ਲੇਸ਼ਣ, ਡਾ. ਕੁਲਵੰਤ ਸਿੰਘ/47)

ਸੋ ਕਿਹਾ ਜਾ ਸਕਦਾ ਹੈ 'ਚੰਡੀ ਦੀ ਵਾਰ' ਵਿਚ ਗੁਰੂ ਗੋਬਿੰਦ ਸਿੰਘ ਦੀ ਕਾਵਿ ਕੁਸ਼ਲਤਾ ਦਾ ਸੁੰਦਰ ਅਤੇ ਉਤਕ੍ਰਿਸ਼ਟ ਨਮੂਨਾ ਮਿਲਦਾ ਹੈ। ਇਸ ਸੰਬੰਧੀ ਵਿਸਥਾਰ ਵਿਚ ਚਰਚਾ ਇਸ ਪ੍ਰਕਾਰ ਹੈ:-

ੳ. **ਭਾਸ਼ਾ/ਸ਼ਬਦਾਵਲੀ:** ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਾਰ ਦੀ ਰਚਨਾ ਪੰਜਾਬੀਆਂ ਵਿਚ ਬੀਰ ਰਸ ਦਾ ਸੰਚਾਰ ਕਰਨ ਲਈ ਕੀਤੀ ਹੈ। ਇਸ ਲਈ ਚੰਡੀ ਦੀ ਵਾਰ ਪੰਜਾਬੀ ਵਿਚ ਹੈ। ਪਰ ਇਸ ਵਿਚ ਦੂਜੀਆਂ ਬੋਲੀਆਂ ਅਤੇ ਪੰਜਾਬੀ ਉਪ ਭਾਸ਼ਾਵਾਂ ਦੇ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਇਸ ਦਾ ਕਾਰਨ ਗੁਰੂ ਸਾਹਿਬ ਜੀ ਦਾ ਮਹਾਨ ਵਿਦਵਾਨ ਹੋਣਾ ਹੈ।

## ਡਾ. ਕਾਲਾ ਸਿੰਘ ਬੇਦੀ ਅਨੁਸਾਰ[6]

"ਕਲਗੀਧਰ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਆਦਿ ਦੇ ਮਹਾਨ ਵਿਦਵਾਨ ਅਤੇ ਕਵੀ ਸਨ, ਇਸ ਲਈ ਉਨ੍ਹਾਂ ਦੇ ਕਾਵਿ ਵਿਚ ਸੰਸਕ੍ਰਿਤ, ਫਾਰਸੀ, ਅਰਬੀ, ਬ੍ਰਿਜੀ ਤੇ ਅਵਧੀ ਦੀ ਸ਼ਬਦਾਵਲੀ ਦਾ ਸ਼ਾਮਲ ਹੋਣਾ ਕੁਦਰਤੀ ਸੀ। ...... ਚੰਡੀ ਦੀ ਵਾਰ ਦੀ ਭਾਸ਼ਾ ਵੀ ਸਾਹਿਤਕ ਪੰਜਾਬੀ ਹੈ, ਪਰ ਕਿਤੇ ਕਿਤੇ ਤੇ ਨਿਰੋਲ ਟਕਸਾਲੀ ਬੋਲੀ ਦੇ ਨੇੜੇ ਵੀ ਆ ਜਾਂਦੀ ਹੈ।
(ਚੰਡੀ ਦੀ ਵਾਰ: ਪਾਠ ਚਿੰਤਨ ਤੇ ਕਲਾ, ਪੰਨਾ ਨੰ.
ਡਾ. ਬਿਕਰਮ ਸਿੰਘ ਘੁੰਮਣ ਤੇ ਡਾ. ਚਰਨਜੀਤ ਸਿੰਘ ਗੁਮਟਾਲਾ)

ਜੋ ਕਿਹਾ ਜਾ ਸਕਦਾ ਹੈ 'ਚੰਡੀ ਦੀ ਵਾਰ' ਦੀ ਬੋਲੀ ਠੇਠ ਪੰਜਾਬੀ ਵਿਚ ਆਮ ਬੋਲੀ ਜਾਣ ਵਾਲੀ ਭਾਸ਼ਾ ਹੈ। ਜਿਸ ਨੂੰ ਆਮ ਜਨਤਾ ਆਸਾਨੀ ਨਾਲ ਸਮਝ ਸਕਦੀ ਹੈ। ਇਸ ਵਿਚ ਪੰਜਾਬੀ ਤੋਂ ਇਲਾਵਾਂ ਮਾਝੀ, ਮਲਵਈ, ਦੁਆਬੀ, ਲਹਿੰਦੀ, ਬ੍ਰਿਜ, ਰਾਜਸਥਾਨੀ, ਪੋਠੋਹਾਰੀ, ਸੰਸਕ੍ਰਿਤ, ਅਰਬੀ-ਫਾਰਸੀ ਆਦਿ ਸ਼ਬਦਾਵਲੀ ਵੀ ਮਿਲਦੀ ਹੈ। ਜੋ ਹੇਠ ਲਿਖੇ ਅਨੁਸਾਰ ਪ੍ਰਸਤੁਤ ਹੈ:-

1. ਮਾਝੀ ਸ਼ਬਦਾਵਲੀ: ਸੀਹੁ ਸਰਿਆਇਆ, ਦੇਵਾਂ ਨੂੰ ਆਖਿਆ, ਖੇਤ ਅੰਦਰ ਜੋਧੇ ਗੱਜੇ, ਕਦੇ ਨ ਨੱਠੇ, ਲੱਖ ਨਗਾਰੇ ਵੱਜਣ, ਸੀਹਾਂ ਵਾਂਗ ਗੱਜਣ, ਰਾਕਸ਼ ਵੱਡੇ, ਕੜਕ ਉਠਿਆ, ਸੱਟ ਪਈ ਜਮਧਾਣੀ ਆਦਿ।

2. ਲਹਿੰਦੀ ਸ਼ਬਦਾਵਲੀ: ਲਾੜੀਆਂ, ਜਰਵਾਣ, ਵਿਗੜੇ, ਪਛਾੜੀਅਨ, ਤੱਕੀ, ਤੁਰਦੀਅਨ, ਸਰਿਆਇਸੁ, ਸਰਜਾਇਓਂ, ਰਣਨਾਇਓਂ, ਖੁਸਾਇਓਂ, ਰੋਸ ਬਢਾਇਓਂ, ਲਿਆਵਣੀ ਆਦਿ।

3. ਬ੍ਰਿਜ ਸ਼ਬਦਾਵਲੀ: ਸਿੰਘ, ਸੰਸਾਰ, ਸਵਾਰੀ, ਧਾਏ, ਸੁਧਾਰੇ, ਇਤਿ ਗਿਰਿ, ਘੁਮਣ, ਛੱਲੀ, ਜਲੀ, ਚੱਲੀ, ਘਲੀ, ਝਾਲੀ, ਚਾਲੀ, ਵਜਾ ਕੇ, ਵਧਾ ਕੇ ਜਾ ਬਜਾਇਓਂ, ਬਢਾਇਓਂ ਆਦਿ।

4. ਸੰਸਕ੍ਰਿਤ ਸ਼ਬਦਾਵਲੀ: ਤਤਸਮ ਸ਼ਬਦ: ਅਸਗਾਹਣੀ, ਰਾਜੂ, ਕੂਰਸ, ਗਦਾ, ਤ੍ਰਿਸੂਲ, ਛਤਰ, ਨਾਰਦ, ਗਦਾ, ਰਸਤ ਆਦਿ। ਤਦਭਵ ਸ਼ਬਦ: ਨਉਨਿਧ, ਰੋਹ, ਦੈਂਤ, ਧੂਮਕੇਤੁ, ਭਗਉਤੀ, ਜੋਗਣੀਆਂ, ਤ੍ਰਸੂਲਾਂ ਜਮ, ਭੁਜੰਗਮ ਆਦਿ।

5. ਅਰਬੀ-ਫ਼ਾਰਸੀ: ਤਤਸਮ: ਤਾਰੀਫ਼, ਗਾਜ਼ੀ, ਪਾਜ਼ੀ, ਤਾਜ਼ੀ, ਦਹਸ਼ਤ, ਫਰਮਾਇਸ਼, ਗੋਸ਼ਤ, ਦਸਤ, ਹਜ਼ਮਤ, ਬੁਲੰਦ। ਤਤਭਵ: ਤਰਵਾਰ, ਨਦਰ, ਸ਼ਾਬਾਸ਼, ਕਿਵਾੜੀ, ਬਖ਼ਤਰ, ਦਰੇਸ਼ਤੇ ਆਦਿ।

6. ਰਾਜਸਥਾਨੀ: ਵਥ, ਛੱਡੂ, ਵੱਧ, ਸਾਰੀਅਨ, ਬਹਿ, ਭਾਗਿਆ, ਘਾਲੀ, ਚਾਲੀ, ਬ੍ਰਿਜ ਪੰਥਾਂ ਆਦਿ।

ਇਸ ਪ੍ਰਕਾਰ ਚੰਡੀ ਦੀ ਵਾਰ ਦੀ ਭਾਸ਼ਾ ਤੇ ਸ਼ਬਦਾਵਲੀ ਦਾ ਖੇਤਰ ਬੜਾ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਹੈ।

**ਛੰਦ ਪ੍ਰਬੰਧ:** 'ਚੰਡੀ ਦੀ ਵਾਰ' ਪਉੜੀਆਂ ਵਿਚ ਲਿਖੀ ਗਈ ਹੈ। 'ਪਉੜੀ' ਸ਼ਬਦ ਵਾਰ ਨਾਲ ਜੁੜਿਆ ਹੈ ਅਤੇ ਆਮ ਤੌਰ ਤੇ ਇਸ ਨੂੰ ਛੰਦ ਦਾ ਇਕ ਰੂਪ ਮੰਨਿਆ ਜਾਂਦਾ ਹੈ ਜੋ ਦਰੁਸਤ ਨਹੀਂ ਹੈ। ਚੰਡੀ ਦੀ ਵਾਰ ਵਿਚ ਵੀ 'ਪਉੜੀ' ਦੀ ਵਰਤੋਂ ਬਾਰੇ ਕਥਨ ਹੈ:

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥

**ਡਾ. ਕੁਲਵੰਤ ਸਿੰਘ ਅਨੁਸਾਰ,**[7]

"ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਲਿਖਣ ਵਿਚ ਆਪਣੇ ਪੂਰਵ-ਗੁਰੂ ਕਵੀਆਂ ਨਾਲੋਂ ਛੰਦ ਪ੍ਰਯੋਜਨ, ਛੰਦ ਦੀਆਂ ਵੰਨਗੀਆਂ, ਅਤੇ ਛੰਦ ਨਿਰਬਾਹ ਚ ਵਿਸ਼ੇਸ਼ ਪ੍ਰਬੀਨਤਾ ਦਿਖਾਈ ਹੈ। ਛੰਦ ਦੀ ਚਾਲ ਨੂੰ ਜੁੱਧ ਦੀ ਤੀਬਰਤਾ ਅਨੁਸਾਰ ਤੇਜ਼ ਅਤੇ ਮੱਧਮ ਲੈਅ ਵਿਚ ਬੰਨ੍ਹ ਕੇ ਵਰਤਿਆ ਹੈ।"
(ਚੰਡੀ ਦੀ ਵਾਰ: ਪਾਠ ਅਤੇ ਵਿਸ਼ਲੇਸ਼ਣ, ਪੰਨਾ ਨੰ. 54)

ਚੰਡੀ ਦੀ ਵਾਰ ਵਿਚ ਨਿਸ਼ਾਨੀ ਛੰਦ ਅਤੇ ਸਿਰਖੰਡੀ ਛੰਦ ਦੀ ਵਰਤੋਂ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਜੀ ਨੇ ਲੋੜ ਮੁਤਾਬਿਕ ਪੰਕਤੀਆਂ ਦੀ ਗਿਣਤੀ ਘਟਾ-ਵਧਾ ਵੀ ਲਈ ਹੈ। ਛੰਦ ਦੇ ਨਮੂਨੇ ਇਸ ਪ੍ਰਕਾਰ ਹਨ:

**I ਨਿਸ਼ਾਨੀ ਛੰਦ:**

ਦੇਖਣ ਚੰਡ ਪ੍ਰਚੰਡ ਨੂੰ ਰਣ ਘੁਰੇ ਨਗਾਰੇ॥
ਧਾਏ ਰਾਕਸ਼ ਰੋਹਲੇ ਚਉਗਿਰਦੋਂ ਭਾਰੇ॥
ਹਥੀ ਤੇਗਾਂ ਪਕੜਿਕੈ ਰਣ ਭਿੜੇ ਕਰਾਰੇ॥
ਕਦੇ ਨ ਨਠੇ ਜੁਧ ਤੇ ਜੋਧੇ ਜੁਝਾਰੇ॥

**II ਸਿਰਖੰਡੀ ਛੰਦ:**

ਚੋਟ ਪਈ ਦਮਾਮੇ ਦਲਾਂ ਮੁਕਾਬਲਾ।
ਦੇਵੀ ਦਸਤਿ ਨਚਾਈ ਸੀਹਣ ਸਾਰ ਦੀ।
ਪੇਟਿ ਮਲੰਦੇ ਲਾਈ ਮਹਿਖੇ ਦੈਤ ਨੋ।
ਗੁਰਦੇ ਆਂਦਾ ਖਾਈ ਨਾਲੇ ਰੁਕੜੇ।

<u>ਅਲੰਕਾਰ:</u> ਚੰਡੀ ਦੀ ਵਾਰ ਵਿਚ ਅਲੰਕਾਰਾਂ ਦੀ ਉਚਿਤ ਵਰਤੋਂ ਕੀਤੀ ਗਈ ਹੈ ਜੋ ਇਸਦੇ ਬੀਰ ਰਸੀ ਪ੍ਰਭਾਵ ਨੂੰ ਹੋਰ ਜ਼ਿਆਦਾ ਉਤੇਜਿਤ ਅਤੇ ਉਤਸ਼ਾਹਿਤ ਕਰਦੀ ਹੈ। ਚੰਡੀ ਦੀ ਵਾਰ ਵਿਚ ਸ਼ਬਦ ਅਤੇ ਅਰਥ ਦੋਹਾਂ ਤਰ੍ਹਾਂ ਦੇ ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ।

<u>ਡਾ. ਜੀਤ ਸਿੰਘ ਸੀਤਲ ਅਨੁਸਾਰ,</u>[8]

> "ਸ਼ਬਦ ਅਲੰਕਾਰਾਂ ਵਿਚੋਂ ਅਨੁਪ੍ਰਾਸ ਆਮ ਤੌਰ ਤੇ ਵਾਰਾਂ ਵਿਚ ਵਰਤਿਆ ਜਾਂਦਾ ਹੈ ਅਤੇ ਅਰਥ ਅਲੰਕਾਰਾਂ ਵਿਚੋਂ ਦ੍ਰਿਸ਼ਟਾਂਤ, ਉਪਮਾ ਤੇ ਰੂਪਕ ਦੀ ਵਰਤੋਂ ਚੋਖੀ ਮਾਤਰਾ ਵਿਚ ਹੋਇਆ ਕਰਦੀ ਹੈ। ਪਰ ਇਨ੍ਹਾਂ ਅਲੰਕਾਰਾਂ ਦੇ ਉਪਮਾਨ ਆਪ ਜੀਵਨ ਵਿਚੋਂ ਲਏ ਜਾਂਦੇ ਹਨ।
>
> (ਚੰਡੀ ਦੀ ਵਾਰ: ਪਾਠ ਚਿੰਤਨ ਤੇ ਕਲਾ, ਪੰਨਾ 46)

<u>ਇਸ ਪ੍ਰਕਾਰ 'ਚੰਡੀ ਦੀ ਵਾਰ' ਵਿਚ ਉਪਮਾ, ਰੂਪਕ, ਦ੍ਰਿਸ਼ਟਾਂਤ, ਅਨੁਪ੍ਰਾਸ, ਅਤਿਕਥਨੀ, ਉਤਪ੍ਰੇਖਿਆ, ਪ੍ਰਤਿਗਿਆ ਆਦਿ ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ।</u> ਉਦਾਹਰਣ:-

੧. <u>ਉਪਮਾ ਅਲੰਕਾਰ:</u>

- ਜਣੁ ਡਸੇ ਭੁਜੰਗਮ ਸਾਵਲੇ, ਮਰ ਜਾਵਣ ਬੀਰ ਰੋਹਾਵਲੇ।
- ਉਖਲੀਆਂ ਨਾਸਾਂ ਜਿਨ੍ਹਾਂ ਮੂੰਹ ਜਾਪਣ ਆਲੇ।
- ਸੀਹਾਂ ਵਾਂਗੂੰ ਗੱਜਣ ਸਭੇ ਸੂਰਮੇ।
- ਚੱਕਰ ਜਿਉ ਮਹਿਖਾਸੁਰ ਰਣ ਵਿਚ ਘੁੰਮਿਆ।

੨ <u>ਰੂਪਕ ਅਲੰਕਾਰ:</u>

- ਹੂਰਾਂ ਸ੍ਰਣਵਤ ਬੀਜ ਨੂੰ ਘਤਿ ਘੇਰਿ ਖਲੋਈਆਂ॥
  ਲਾੜਾ ਦੇਖਣ ਲਾੜੀਆਂ ਚਉਗਿਰਦੇ ਹੋਈਆਂ॥
- ਜੋਧੇ ਵੱਡੇ ਮੁਨਾਰੇ ਜਾਪਨ ਖੇਤ ਵਿਚ।

## ਦ੍ਰਿਸ਼ਟਾਂਤ ਅਲੰਕਾਰ:

## ਅਤਿਕਥਨੀ ਅਲੰਕਾਰ:

- ਚੰਡੀ ਰਾਕਸਿ ਖਾਣੀ ਵਾਹੀ ਦੈਂਤ ਨੂੰ॥
  ਕੋਪਰ ਚੂਰ ਚਵਾਣੀ ਲਥੀ ਕਰਗ ਲੈ॥
  ਪਾਖਰ ਤੁਰਾ ਪਲਾਣੀ ਰੜਕੀ ਧਰਤਿ ਜਾਇ॥
  ਲੈਂਦੀ ਅਗਾਂਹ ਸਿਧਾਣੀ ਸਿੰਗਾਂ ਧਉਲ ਦਿਆਂ।

- ਚਮਕਨ ਤੇਗਾਂ, ਬਰਛੀਆਂ ਸੂਰਜ ਨਦਰ ਨਾ ਪਾਏ॥

## ਅਨੁਪ੍ਰਾਸ ਅਲੰਕਾਰ:

**ਰਸ ਪ੍ਰਬੰਧ:** ਚੰਡੀ ਦੀ ਵਾਰ ਵਿਚ ਰਸਾਂ ਦੀ ਵੀ ਭਰਮਾਰ ਪਾਈ ਜਾਂਦੀ ਹੈ। ਚੰਡੀ ਦੀ ਵਾਰ ਪੜ੍ਹਦਿਆਂ ਪਾਠਕਾਂ ਵਿਚ ਅਲੱਗ-ਅਲੱਗ ਰਸਾਂ ਦੇ ਪ੍ਰਭਾਵ ਉਪਜਦੇ ਹਨ। ਇਸ ਵਾਰ ਵਿਚ ਪ੍ਰਧਾਨ ਰਸ 'ਬੀਰ ਰਸ' ਨੂੰ ਮੰਨਿਆ ਗਿਆ ਹੈ। ਕਿਉਂਕਿ ਵਾਰਾਂ ਬੀਰ ਰਸੀ ਹੁੰਦੀਆਂ ਹਨ।

**ਪ੍ਰੋ. ਗੁਰਦੀਪ ਸਿੰਘ ਲਿਖਦੇ ਹਨ,**[9]

> "ਚੰਡੀ ਦੀ ਵਾਰ ਵਿਚ ਕਰਤਾ ਨੇ ਬੀਰਰਸ ਨੂੰ ਕਿਤੇ ਮੱਠਿਆ ਨਹੀਂ ਪੈਣ ਦਿੱਤਾ। ...... ਬੀਰ ਰਸ ਪ੍ਰਧਾਨ ਹੈ, ਹਾਸ ਰਸ, ਵੀਭਤਸ, ਅਦਭੁਤ ਕਰੁਣਾ ਆਦਿ ਰਸ ਗੌਣ ਹਨ। ਹਾਸਰਸ ਦੀ ਜਿਥੇ ਵਰਤੋਂ ਕੀਤੀ ਹੈ, ਉਥੇ ਵੀ ਬੀਰ ਰਸ ਨੂੰ ਮੱਠਿਆਂ ਨਹੀਂ ਪੈਣ ਦਿੱਤਾ।

(ਚੰਡੀ ਦੀ ਵਾਰ: ਪਾਠ, ਚਿੰਤਨ ਤੇ ਕਲਾ, ਪੰਨਾ ਨੰ. 46, ਡਾ. ਬਿਕਰਮ ਸਿੰਘ ਘੁੰਮਣ, ਡਾ. ਚਰਨਜੀਤ ਸਿੰਘ ਗੁਮਟਾਲਾ)

ਇਸ ਤਰ੍ਹਾਂ ਚੰਡੀ ਦੀ ਵਾਰ ਵਿਚ ਬੀਰ ਰਸ, ਰੌਦਰ ਰਸ, ਕਰੁਣਾ ਰਸ, ਭਿਆਨਕ ਰਸ, ਵਿਭਤਸ ਰਸ, ਅਦਭੁਤ ਰਸ, ਸ਼ਿੰਗਾਰ ਰਸ, ਸ਼ਾਂਤ ਰਸ ਅਤੇ ਹਾਸ ਰਸ ਦੀ ਉਚਿਤ ਢੰਗ ਨਾਲ ਵਰਤੋਂ ਕੀਤੀ ਗਈ ਹੈ।

I ਬੀਰ ਰਸ: • ਦੁਹਾਂ ਕੰਧਾਰਾਂ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ॥
ਰਾਕਸਿ ਆਇ ਰੋਹਲੇ ਤਰਵਾਰੀ ਬਖਤਰ ਸੱਜੇ
ਜੁਟੇ ਸਉਹੇ ਜੁਧ ਨੂੰ ਇਕ ਜਾਤ ਨ ਜਾਣਨਿ ਭੱਜੇ॥
ਖੇਤ ਅੰਦਰ ਜੋਧੇ ਗੱਜੇ॥

• ਸਿੰਘ ਚੜੀ ਅਸਵਾਰੀ ਦੁਰਗਾ ਸੋਰ ਸੁਣ!
ਖਬੀਂ ਦਸਤ ਉਭਾਰੀ ਗਦਾ ਫਿਰਾਇ ਕੈ।
ਸੈਨਾ ਸਭ ਸੰਘਾਰੀ ਸ੍ਰਣਵਤ ਬੀਜ ਦੀ!

II ਰੌਦਰ ਰਸ: • ਦੁਰਗਾ ਦਾਨੋ ਮਾਰੇ ਰੋਹ ਬਢਾਇਕੈ॥
ਸਿਰ ਵਿਚ ਤੇਗ ਵਗਾਈ ਸ੍ਰਣਵਤਬੀਜ ਦੇ॥

• ਵਡੇ ਵਡੇ ਚੁਣਿ ਸੂਰਮੇ ਗਹਿ ਕੋਟੀ ਦਏ ਚਲਾਇ ਕੈ॥
ਰਣ ਕਾਲੀ ਗੁਸਾ ਖਾਇ ਕੈ!

III ਹਾਸ ਰਸ: • ਧੂਹਿ ਲਪੇਟੇ ਧੂਹਰੇ ਸਿਰਦਾਰ ਜੁਆਣੇ॥
ਉਖਲੀਆ ਨਾਸਾ ਜਿਨਾ ਮੂੰਹਿ ਜਾਪਨ ਆਲੇ॥

IV ਵੀਭਤਸ ਰਸ: • ਰਣ ਵਿਚ ਘਤੀ ਘਾਣੀ ਲੋਹੂ ਮਿਝ ਦੀ॥
• ਭੂਤਾਂ ਇਲਾਂ ਕਾਗੀਂ ਗੋਸਤ ਭਖਿਆ॥
• ਘੋਟ ਮਲੰਦੇ ਲਾਈ ਮਹਿਖੇ ਦੈਂਤ ਨੂੰ॥
ਗੁਰਦੇ ਆਂਦਾ ਖਾਈ ਨਾਲੇ ਰੁਕੜੇ॥

V ਅਦਭੁਤ ਰਸ: • ਚੰਡੀ ਚਿਤਾਰੀ ਕਾਲਕਾ ਮਨ ਬਾਹਲਾ ਰੋਸ ਬਢਾਇਕੈ॥
ਨਿਕਲੀ ਮਥਾ ਫੋੜਿਕੈ ਜਨ ਫਤੇ ਨੀਸਾਣ ਬਜਾਇਕੈ!

VI ਸ਼ਾਂਤ ਰਸ: • ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈ ਧਿਆਇ॥....
ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥

**ਬਿੰਬ ਵਿਧਾਨ:** 'ਚੰਡੀ ਦੀ ਵਾਰ' ਵਿਚ ਬਿੰਬ ਵਿਧਾਨ ਦੀ ਬੜੇ ਸੁਚੱਜੇ ਢੰਗ ਨਾਲ ਵਰਤੋਂ ਕੀਤੀ ਗਈ ਹੈ। ਇਸ ਵਿਚ ਪੰਜ ਪ੍ਰਕਾਰ ਦੀ ਬਿੰਬ-ਸਿਰਜਣਾ ਮਿਲਦੀ ਹੈ, ਜਿਹੜੀ ਸਾਡੀਆਂ ਅੱਖਾਂ ਸਾਹਮਣੇ ਜੰਗ ਦੇ ਚਿੱਤਰ ਨੂੰ ਹੂ-ਬ-ਹੂ ਰੂਪ ਵਿਚ ਰੂਪਮਾਨ ਕਰਦੀ ਹੈ।

**ਜੀ. ਐਸ. ਸ਼ਰਮਾ ਅਨੁਸਾਰ,** (10)

"ਚੰਡੀ ਦੀ ਵਾਰ ਦਾ ਸਭ ਤੋਂ ਉਤਕ੍ਰਿਸ਼ਟ ਰੂਪਕ ਗੁਣ ਇਸ ਵਿਚਲੀ ਬਿੰਬਾਤਮਕਤਾ ਹੈ। ਕਵਿਤਾ ਪੜ੍ਹਦਿਆਂ ਹੋਇਆਂ ਅਨੇਕਾਂ ਵਸਤੂਆਂ, ਸਖਿਤੀਆਂ ਤੇ ਦ੍ਰਿਸ਼ਾਂ ਦੇ ਚਿੱਤਰ ਸਾਡੇ ਮਨ ਦੀ ਸਲੇਟ ਉੱਤੇ ਉਕਰਦੇ ਤੁਰੇ ਜਾਂਦੇ ਹਨ।"
(ਚੰਡੀ ਦੀ ਵਾਰ, ਪੰਨਾ ਨੰ. 64)

'ਚੰਡੀ ਦੀ ਵਾਰ' ਵਿਚ ਦ੍ਰਿਸ਼ ਬਿੰਬ, ਗੰਧ ਬਿੰਬ, ਰਸ ਬਿੰਬ, ਨਾਦ ਬਿੰਬ ਅਤੇ ਸਪੱਰਸ਼ ਬਿੰਬ ਦੀ ਵਰਤੋਂ ਕੀਤੀ ਗਈ ਮਿਲਦੀ ਹੈ।

I **ਦ੍ਰਿਸ਼ ਬਿੰਬ:**
- ਰਾਕਸ ਆਏ ਰੋਹਲੇ ਖੇਤ ਭਿੜਨ ਕੇ ਚਾਇ॥
  ਲਸਕਨਿ ਤੇਗਾ ਬਰਛੀਆ ਸੂਰਜੁ ਨਦਰਿ ਨ ਪਾਇ॥

II **ਨਾਦ ਬਿੰਬ:**
- ਦੁਰਗਾ ਬੈਣ ਸੁਣੰਦੀ ਹਸੀ ਹੜ ਹੜਾਇ॥
- ਬੱਦਲ ਜਿਉ ਮਹਿਖਾਸੁਰ ਰਣ ਵਿਚ ਗੱਜਿਆ॥
- ਦੁਹਾ ਕੰਧਾਰਾ ਮੁਹ ਜੁੜੇ ਢੋਲ ਸੰਖ ਨਗਾਰੇ ਬਜੇ॥

III **ਰਸ ਬਿੰਬ:**
- ਇਕ ਵਢੇ ਤੇਗੀ ਤੜਫੀਅਨ ਮਦ ਪੀਤੇ ਲੋਟਨਿ ਬਾਵਰੇ॥
- ਪੀਤਾ ਫੁਲ ਇਆਣੀ ਘੁਮਣਿ ਸੂਰਮੇ॥
- ਉਠਿ ਉਠਿ ਮੰਗਣਿ ਪਾਣੀ ਘਾਇਲ ਘੂਮਦੇ॥

**ਹਵਾਲੇ:** 'ਚੰਡੀ ਦੀ ਵਾਰ' ਇਕ ਪੌਰਾਣਿਕ ਕਥਾ ਹੈ। ਇਸ ਲਈ 'ਚੰਡੀ ਦੀ ਵਾਰ ਵਿਚ ਪੌਰਾਣਿਕ ਹਵਾਲਿਆਂ ਦਾ ਆਉਣਾ ਸੁਭਾਵਿਕ ਹੀ ਹੈ। ਇਸ ਵਿਚ ਜਿਥੇ ਪੌਰਾਣਿਕ ਹਵਾਲੇ ਮੌਜੂਦ ਹਨ। ਉਸਦੇ ਨਾਲ ਹੀ ਮਿਥਿਹਾਸਿਕ ਹਵਾਲਿਆਂ ਦੀ ਭਰਮਾਰ ਪਾਈ ਜਾਂਦੀ ਹੈ।

**ਭਾਈ ਸਾਹਿਬ ਗਿ. ਹਰਬੰਸ ਸਿੰਘ ਅਨੁਸਾਰ** (11)

> "ਚੰਡੀ ਦੀ ਵਾਰ ਵਿਚ ਵਾਰ ਦੇ ਸਰਬ ਗੁਣ, ਤੱਥ ਪੂਰਨ ਰੂਪ ਵਿਚ ਵਿਦਮਾਨ ਹਨ, ਪੌਰਾਣਕ ਹਵਾਲੇ ਮਿੱਥਾਂ ਤੱਥਾ ਦੇ ਸੰਕੇਤ ਵਰਤੇ ਗਏ ਹਨ ਜਿਵੇਂ ਬ੍ਰਹਮਾ, ਬਿਸਨ, ਮਹੇਸ, ਦੁਰਗਾ, ਇੰਦਰ ...... ਕਲ ਅਤੇ ਦੈਂਤਾਂ ਰਾਖਸਾਂ ਦੇ ਵਰਣਾਤਮਿਕ ਰੂਪ ਵਿਚ ਹਵਾਲੇ ਸੰਕੇਤਕ ਕਰਕੇ ਬਿਆਨ ਕੀਤੇ ਹਨ।"

(ਚੰਡੀ ਦੀ ਵਾਰ: ਨਿਰਣੈ ਸਟੀਕ, ਪੰਨਾ ਨੰ. 64)

ਇਸ ਪ੍ਰਕਾਰ ਚੰਡੀ ਦੀ ਵਾਰ ਵਿਚ ਪੌਰਾਣਿਕ ਅਤੇ ਮਿਥਿਹਾਸਿਕ ਹਵਾਲੇ ਮਿਲਦੇ ਹਨ ਜੋ ਇਸ ਪ੍ਰਕਾਰ ਹਨ:-

I **ਪੌਰਾਣਿਕ ਹਵਾਲੇ:** ਭਗਉਤੀ, ਬ੍ਰਹਮਾ, ਸੰਦਲੀ, ਮਹੇਸ, ਦੁਰਗਾ, ਦਹਿਸਰ, ਕ੍ਰਿਸ਼ਨ, ਕੰਸ, ਕੇਸੀ, ਮਹਿਖਾਸੁਰ, ਸੁੰਭ ਅਤੇ ਨਿਸੁੰਭ, ਇੰਦ੍ਰ, ਕਾਲਕਾ ਆਦਿ।

II **ਮਿਥਿਹਾਸਿਕ ਹਵਾਲੇ:** ਕਲਿ ਤੇ ਨਾਰਦ, ਕੂਰਮ, ਪਉਲ, ਹੂਰਾਂ, ਜੋਗਣੀਆਂ, ਭੂਤ, ਜਮਪੁਰੀ ਆਦਿ।

**ਪੰਜਾਬੀ ਮੁਹਾਵਰਿਆਂ ਦੀ ਵਰਤੋਂ:** 'ਚੰਡੀ ਦੀ ਵਾਰ' ਬਾਰੇ ਵਿਦਵਾਨਾਂ ਅਤੇ ਆਲੋਚਕਾਂ ਦੇ ਅਨੇਕਾ ਮੱਤ ਹਨ, ਪਰ ਵਾਰ ਦਾ ਪਾਠ ਕੀਤਿਆਂ ਪਤਾ ਚਲਦਾ ਹੈ ਕਿ ਇਹ ਵਾਰ ਪੰਜਾਬੀ ਵਾਰ ਸਾਹਿਤ ਦੇ ਇਤਿਹਾਸ ਵਿਚ ਆਪਣੇ ਠੇਠ ਪੰਜਾਬੀ ਮੁਹਾਵਰੇਦਾਰ ਸਾਹਿਤ ਦੀ ਸਿਰਮੌਰ ਰਚਨਾ ਹੈ। ਮੁਹਾਵਰਿਆਂ ਅਤੇ ਵਾਕੰਸ਼ਾਂ ਦੀ ਵਰਤੋਂ ਪੰਜਾਬੀ ਸਾਹਿਲ ਦੀ ਅਮੀਰ ਤੁੱਕ ਪੈਦਾ ਕਰਦੀ ਹੈ। ਚੰਡੀ ਦੀ

ਵਾਰ ਵਿਚਲੇ ਮੁਹਾਵਰੇ ਇਸ ਪ੍ਰਕਾਰ ਹਨ:

ਇਕ ਘਾਤਨ ਘਾਲਣ ਭੱਜੇ, ਸੀਹਾਂ ਵਾਂਗੂੰ ਗੱਜਣ, ਨੀਸਾਨ ਰਸਾਨਿ, ਦੱਬ ਨਗਾਰੇ ਵੱਜਨ, ਮਿਆਨੋ ਖੰਡਾ ਧੂਹਿਆ, ਪਾਣੀ ਪੱਤੀ, ਮਤਾ ਪਕਾਇਆ, ਸਾਜ ਬਣਾਇਓਨ, ਖੇਤ ਅਖਾੜ ਜੋਧੇ ਗੱਜੇ ਆਦਿ।

**ਇਸਲਾਮਿਕ ਰੰਗਣ:** ਗੁਰੂ ਗੋਬਿੰਦ ਸਿੰਘ ਜੀ ਅਰਬੀ-ਫ਼ਾਰਸੀ ਦੇ ਉੱਚ ਕੋਟੀ ਦੇ ਵਿਦਵਾਨ ਸਨ। ਫ਼ਾਰਸੀ ਭਾਸ਼ਾ ਵਿਚ ਉਨ੍ਹਾਂ ਦੀ ਲਿਖਤ 'ਜ਼ਫ਼ਰਨਾਮਾ' ਬੇਮਿਸਾਲ ਹੈ। 'ਚੰਡੀ ਦੀ ਵਾਰ' ਵਿਚ ਉਰਦੂ ਫਾਰਸੀ ਦੀ ਸ਼ਬਦਾਵਲੀ ਦਾ ਪ੍ਰਭਾਵ ਬਹੁਤ ਸਾਰਾ ਹੈ। ਅਰਬੀ ਫ਼ਾਰਸੀ ਦੀ ਵਰਤੋਂ ਵਿਚ ਜਿਹੜੇ ਸ਼ਬਦ ਵਰਤੇ ਹਨ ਉਨਾਂ ਦਾ ਸੰਬੰਧ ਇਸਲਾਮ ਨਾਲ ਹੈ, ਜਿਵੇਂ: ਕਾਬਾ, ਹਾਜੀ, ਕਾਜ਼ੀ, ਨਮਾਜ਼ੀ, ਰਹਮਤ, ਸਿਜਦਾ, ਕੈਫ਼ ਆਦਿ। ਵਾਰ ਦੀ 50 ਵੀ ਪਉੜੀ ਵਿਚ ਨਿਸੁੰਭ ਦੀ ਸੂਰਮਗਤੀ ਦੀ ਪ੍ਰਸੰਸਾ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ:-

- ਬੀਰ ਪਲਾਣੋਂ ਡਿਗਿਆ ਕਰਿ ਸਿਜਦਾ ਸੁੰਭ ਸੁਜਾਣ ਕਉ।
  ਸਾਬਾਸ ਸਲੋਣੇ ਖਾਨ ਕਉ। ਸਦ ਸਾਬਾਸ ਤੇਰੇ ਤਾਣ ਕਉ।
  ਤਾਰੀਫਾ ਪਾਨ ਚਬਾਣ ਕਉ। ਸਦ ਰਹਮਤ ਕੈਫਾ ਖਾਣ ਕਉ।
  ਸਦ ਰਹਮਤ ਤੁਰੇ ਨਚਾਣ ਕਉ।

ਉਪਰੋਕਤ ਪਉੜੀ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਸੰਗ ਕਥਾ ਨੂੰ ਇਸਲਾਮੀ ਲਿਬਾਸ ਪਹਿਨਾ ਦਿੱਤਾ ਹੈ।

ਡਾ. ਤਾਰਨ ਸਿੰਘ ਦੇ ਸ਼ਬਦਾਂ ਵਿਚ,[12]

> "ਇਸ ਪਉੜੀ ਦਾ ਵਿਸ਼ੇਸ਼ ਹੀ ਰੰਗ ਹੈ, ਜਿਸ ਵਿਚ ਮੁਸਲਮਾਨੀ ਬੀਰਤਾ ਦਾ ਭਾਵ ਹੈ ਅਤੇ ਇਉਂ ਪ੍ਰਤੀਤ ਹੁੰਦਾ ਹੈ ਕਿ ਇਥੇ ਨਿਸੁੰਭ ਨੂੰ ਮੁਸਲਮਾਨ ਖਾਨ ਬਣ ਦਿੱਤਾ ਹੈ। ਬੋਲੀ ਵੀ ਫਾਰਸੀ ਹੋ ਗਈ ਹੈ, ਮੁਸਲਮਾਨੀ ਬੀਰਤਾ ਦਾ ਸਿੱਕਾ ਵੀ ਮੰਨਿਆ ਹੈ।"

(ਚੰਡੀ ਦੀ ਵਾਰ: ਪਾਠ ਤੇ ਵਿਸ਼ਲੇਸ਼ਣ, ਡਾ ਜਸਵੰਤ ਸਿੰਘ/61)

ਉਪਰੋਕਤ ਪਉੜੀ ਦਾ ਸਾਰਾ ਪ੍ਰਭਾਵ ਵਿਸਮਾਦਕ ਰੰਗਣ ਵਾਲਾ ਹੈ। ਇਸ ਤੋਂ ਇਲਾਵਾ ਚੰਡੀ ਦੀ ਵਾਰ ਵਿਚ ਸੰਕੇਤਕ-ਚਮਤਕਾਰਕ ਸਰੂਪ ਵਿਚ ਰਚਾਏ ਹਵਾਲਿਆਂ ਤੋਂ ਵੀ ਵਿਸਮਾਦਕ ਪ੍ਰਭਾਵ ਵੇਖਿਆ ਜਾ ਸਕਦਾ ਹੈ। ਉਦਾਹਰਣ :-

- ਫਿਰ ਸ਼੍ਰਵਣਵਤ ਬੀਜ ਚਲਾਏ ਬੀੜੇ ਰਾਇ ਦੇ।
- ਦੁਰਗਾ ਸ਼੍ਰਵਣਵਤ ਬੀਜ ਨੂੰ ਘਾਇ ਘਾਇ ਘਲੋਈਆ।
  ਜਾਣਾ ਦੰਪਣ ਜਾਜੀਆਂ ਚਉਗਿਰਦੇ ਹੋਈਆਂ।
- ਸਦ ਰਹਮਤ ਤੇਰੇ ਵਾਰ ਕਉ।

ਇਉਂ ਅਸੀਂ ਸਮੁੱਚੀ ਚਰਚਾ ਤੋਂ ਇਸ ਨਤੀਜੇ ਤੇ ਪੁਜਦੇ ਹਾਂ ਕਿ ਚੰਡੀ ਦੀ ਵਾਰ ਵਿਸ਼ੇ ਤੇ ਕਲਾਤਮਕ ਪੱਖੋਂ ਇਕ ਸਫ਼ਲ ਰਚਨਾ ਹੈ। ਕਾਵਿ-ਕਲਾ ਦੇ ਸਾਰੇ ਗੁਣ ਇਸ ਵਾਰ ਵਿਚ ਮੌਜੂਦ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵਾਰ ਰਚ ਕੇ ਪੰਜਾਬੀ ਬੀਰ ਸਾਹਿਤ ਵਿਚ ਇਕ ਨਵੇਂ ਜੁੱਗ ਦਾ ਆਗਾਜ਼ ਕੀਤਾ। ਅਗਲੇਰੇ ਵਾਰਤਕਾਂ ਲਈ ਇਹ ਮਾਰਗ ਦਰਸ਼ਕ ਸਿੱਧ ਹੋਈ ਤੇ ਇਸ ਨਾਲ ਹੀ ਪੰਜਾਬੀ ਵਾਰ ਸਾਹਿਤ ਨੇ ਨਵੀਆਂ ਪੁਲਾਂਘਾਂ ਪੁੱਟੀਆਂ। ਇਸ ਦੀ ਉਪਯੋਗਿਕਤਾ ਤੇ ਸਾਰਥਕਤਾ ਅੱਜ ਵੀ ਉੱਤਨੀ ਹੈ ਜਿੰਨੀ ਕਿ ਮੱਧਕਾਲ ਵਿਚ ਸੀ ਤੇ ਭਵਿੱਖ ਵਿਚ ਵੀ ਰਹੇਗੀ।

# ਪੁਸਤਕ-ਸੂਚੀ


੧. ਚੰਡੀ ਦੀ ਵਾਰ: ਪਾਠ, ਚਿੰਤਨ ਤੇ ਕਲਾ, ਡਾ. ਬਿਕਰਮ ਸਿੰਘ ਘੁੰਮਣ ਅਤੇ ਡਾ. ਚਰਨਜੀਤ ਸਿੰਘ ਗੁਮਟਾਲਾ

੨. ਚੰਡੀ ਦੀ ਵਾਰ, ਡੀ. ਐੱਸ. ਸ਼ਰਮਾ

੩. ਚੰਡੀ ਦੀ ਵਾਰ: ਪਾਠ ਤੇ ਵਿਸ਼ਲੇਸ਼ਣ, ਡਾ. ਜਸਵੰਤ ਸਿੰਘ

੫. ਚੰਡੀ ਦੀ ਵਾਰ: ਨਿਰਣੈ ਸਟੀਕ, ਭਾਈ ਸਾਹਿਬ, ਗਿਆਨੀ ਹਰਬੰਸ ਸਿੰਘ